# ਪਿਆਰੇ ਵਿਦਿਆਰਥੀਓ!!



6ਵੀਂ ਜਮਾਤ ਦੀ ਇਸ ਈ-ਬੁੱਕ ਵਿਚ ਕੰਪਿਊਟਰ ਸਾਇੰਸ ਦੇ ਨਵੇਂ ਸਿਲੇਬਸ (2023-24) ਅਨੁਸਾਰ ਤੁਹਾਨੂੰ ਸਟਡੀ ਮਟੀਰੀਅਲ ਭੇਜਿਆ ਜਾ ਰਿਹਾ ਹੈ। ਤੁਸੀਂ ਆਪਣੇ ਟੈਸਟ/ਪੇਪਰਾਂ ਦੀ ਤਿਆਰੀ ਇਹਨਾਂ ਨੋਟਸਾਂ ਨੂੰ ਪੜ੍ਹਦੇ ਹੋਏ ਅਤੇ ਹੇਠਾਂ ਦਿਤੇ ਵਿਡੀਓ ਲੈਕਚਰਾਂ ਨੂੰ ਦੇਖਦੇ ਹੋਏ ਬੜੀ ਆਸਾਨੀ ਨਾਲ ਕਰ ਸਕਦੇ ਹੋ। ਨਿੱਚੇ ਨਿੱਲੇ ਰੰਗ ਵਿਚ ਵਿਡੀਓ ਲੈਕਚਰਾਂ ਦੇ ਲਿੰਕ ਦਿਤੇ ਗਏ ਹਨ, ਜਿਨ੍ਹਾਂ ਉਪਰ ਕਲਿੱਕ ਕਰਕੇ ਤੁਸੀਂ ਸੰਬੰਧਤ ਪਾਠ ਦਾ ਵਿਡੀਓ ਲੈਕਚਰ ਦੇਖਦੇ ਹੋਏ ਉਸ ਪਾਠ ਨੂੰ ਚੰਗੀ ਤਰ੍ਹਾਂ ਸਮਝ ਸਕਦੇ ਹੋ।

## 6ਵੀਂ ਜਮਾਤ ਲਈ ਕੰਪਿਊਟਰ ਸਾਇੰਸ ਦੇ ਸਿਲੇਬਸ ਦੀ ਮਹੀਨਾਵਾਰ ਵੰਡ ਅਤੇ ਵਿਡੀਓ ਲੈਕਚਰਜ਼ ਦੇ ਲਿੰਕ

| ਮਹੀਨਾ | ਪਾਠ ਅਤੇ ਉਸਦਾ ਨਾਂ | ਵਿਡੀਓ ਲੈਕਚਰ ਦਾ ਲਿੰਕ |
|---|---|---|
| ਅਪ੍ਰੈਲ | ਪਾਠ-1 ਕੰਪਿਊਟਰ ਨਾਲ ਜਾਣ ਪਛਾਣ | https://youtu.be/JIAIF6hSapc |
| ਮਈ | ਪਾਠ-2 ਕੰਪਿਊਟਰ ਦੇ ਭਾਗ | https://youtu.be/PnpwPERc5IQ |
| | ਪਾਠ-3 ਕੰਪਿਊਟਰ ਦੇ ਬੁਨਿਆਦੀ ਕੰਮ | https://youtu.be/wcP8JzqhcPI |
| ਜੁਲਾਈ | ਪਾਠ-4 ਐਮ.ਐਸ. ਪੇਂਟ | https://youtu.be/skG2Q93xYWM |
| ਅਕਤੂਬਰ | ਪਾਠ-5 ਐਮ.ਐਸ. ਪੇਂਟ ਭਾਗ-2 | https://youtu.be/MVxeAyjqNpc |
| ਨਵੰਬਰ | ਪਾਠ-6 ਹਾਰਡਵੇਅਰ ਅਤੇ ਸਾਫਟਵੇਅਰ | https://youtu.be/sONg_RSr9Q8 |
| ਦਸੰਬਰ | ਪਾਠ-7 ਇਨਪੁੱਟ ਉਪਕਰਣ | https://youtu.be/ildZLh_0QMA |
| ਜਨਵਰੀ | ਪਾਠ-8 ਆਊਟਪੁੱਟ ਉਪਕਰਣ | https://youtu.be/OUeFcH2_780 |

**ਪ੍ਰੈਕਟੀਕਲ ਨਾਲ ਸੰਬੰਧਤ ਵਿਡੀਓ ਲੈਕਚਰਜ਼:**

| | | |
|---|---|---|
| | ਵਿੰਡੋਜ਼ ਨਾਲ ਜਾਣ ਪਛਾਣ (ਬੂਟਿੰਗ, ਲੋਗਇਨ, ਡੈਸਕਟਾਪ, ਸ਼ੱਟਡਾਊਨ) | https://youtu.be/OvtPBBu0nE0 |

PLEASE DO NOT FORGET TO LIKE, SHARE AND SUBSCRIBE OUR YOUTUBE CHANNEL

YouTube http://youtube.com/c/computersciencepunjab

ਤਿਆਰ ਕਰਤਾ:
ਵਿਕਾਸ ਕਾਂਸਲ ਅਤੇ ਸੁਖਵਿੰਦਰ ਸਿੰਘ
ਕੰਪਿਊਟਰ ਫੈਕਲਟੀ, ਸ਼ਹੀਦ ਉਧਮ ਸਿੰਘ ਸਰਕਾਰੀ (ਕੰ) ਸੀ. ਸੈ. ਸਕੂਲ, ਸੁਨਾਮ ਊਧਮ ਸਿੰਘ ਵਾਲਾ (ਸੰਗਰੂਰ)

**6ਵੀਂ ਤੋਂ 12ਵੀਂ ਕਿਸੇ ਵੀ ਜਮਾਤ ਲਈ ਕੰਪਿਊਟਰ ਸਾਇੰਸ ਦੇ ਸਟਡੀ ਮਟੀਰੀਅਲ/ਈ-ਬੁੱਕਸ/ਈ-ਕੰਟੈਂਟਸ (ਪੰਜਾਬੀ/ਅੰਗਰੇਜ਼ੀ ਮਾਧਿਅਮ ਵਿਚ) ਡਾਊਨਲੋਡ ਕਰਨ ਲਈ ਹੇਠਾਂ ਦਿਤੇ ਲਿੰਕ ਦੀ ਵਰਤੋਂ ਕਰੋ ਜੀ:**

## http://cspunjab.nirmancampus.co.in/study.php

## ਪਾਠ 8
## ਆਉਟਪੁੱਟ ਯੰਤਰ

**ਪ੍ਰਸ਼ਨ 1: ਬਹੁਪਸੰਦੀ ਪ੍ਰਸ਼ਨ:**

**i. ਮੋਨੀਟਰ ਇੱਕ ਸਾਫਟ ਕਾਪੀ ਅਤੇ ______ ਇੱਕ ਹਾਰਡਕਾਪੀ ਆਉਟਪੁੱਟ ਯੰਤਰ ਹੈ।**

ੳ) ਪ੍ਰਿੰਟਰ (Printer) ਅ) ਪਲੋਟਰ (Plotter) ੲ) ਉਕਤ ਦੋਵੇਂ ਸ) ਇਹਨਾਂ ਵਿੱਚੋਂ ਕੋਈ ਨਹੀਂ

**ii. ____________ ਦੀ ਵਰਤੋਂ ਕੰਪਿਊਟਰ ਤੋਂ ਆਵਾਜ਼ਾਂ ਸੁਣਨ ਲਈ ਕੀਤੀ ਜਾਂਦੀ ਹੈ।**

ੳ) ਪ੍ਰਿੰਟਰ (Printer) ਅ) ਸਪੀਕਰ (Speaker) ੲ) ਮਾਈਕ੍ਰੋਫੋਨ ਸ) ਮਾਊਸ (Mouse)

**iii. __________ ਆਉਟਪੁੱਟ ਨੂੰ ਕਾਗਜ਼ ਉੱਪਰ ਛਾਪਦਾ ਹੈ।**

ੳ) ਪ੍ਰਿੰਟਰ (Printer) ਅ) ਕੀਅ-ਬੋਰਡ (Keyboard ) ੲ) ਮਾਊਸ (Mouse) ਸ) ਸਪੀਕਰ (Speaker)

**iv. ________ ਪ੍ਰਿੰਟਰ ਪ੍ਰਿੰਟ ਕਰਨ ਸਮੇਂ ਬਿੰਦੀਆਂ ਨੂੰ ਮਿਲਾ ਕੇ ਛਾਪਦਾ ਹੈ।**

ੳ) ਡਾਟ ਮੈਟਰੀਕਸ (Dot matrix) ਅ) ਇੰਕਜੈੱਟ (Inkjet) ੲ) ਲੇਜ਼ਰ (Laser) ਸ) ਇਹਨਾਂ ਵਿੱਚੋਂ ਕੋਈ ਨਹੀਂ

**v. ਮੋਨੀਟਰ _____ ਕਿਸਮਾਂ ਦੇ ਹੁੰਦੇ ਹਨ।**

ੳ) 2 ਅ) 3 ੲ) 4 ਸ) 5

**vi. ਹੈੱਡਫੋਨ ਨੂੰ ____ ਵੀ ਕਿਹਾ ਜਾਂਦਾ ਹੈ।**

ੳ) ਆਈ.ਫੋਨ (iPhone) ਅ) ਈਅਰ ਫੋਨ (Earphone) ੲ) Both of these ਸ) ਇਹਨਾਂ ਵਿੱਚੋਂ ਕੋਈ ਨਹੀਂ

**ਪ੍ਰਸ਼ਨ 2: ਖਾਲੀ ਥਾਵਾਂ ਭਰੋ।**

I. ___________ ਯੰਤਰ ਦੀ ਵਰਤੋਂ ਕੰਪਿਊਟਰ ਤੋਂ ਸੂਚਨਾ ਪ੍ਰਾਪਤ ਕਰਨ ਲਈ ਕੀਤੀ ਜਾਂਦੀ ਹੈ।
II. _______________ ਇਕ ਸਾਫਟਕਾਪੀ ਆਉਟਪੁੱਟ ਯੰਤਰ ਹੈ।
III. _______________ ਇਕ ਹਾਰਡਕਾਪੀ ਆਉਟਪੁੱਟ ਯੰਤਰ ਹੈ।
IV. ____________ ਪ੍ਰਿੰਟਰ ਪ੍ਰਿੰਟ ਨੂੰ ਬਿੰਦੀਆਂ ਦੇ ਮੇਲ ਨਾਲ ਛਾਪਦਾ ਹੈ।
V. ____________ ਪ੍ਰਿੰਟਰ ਦੀ ਰਫਤਾਰ ਸਭ ਤੋਂ ਜਿਆਦਾ ਹੁੰਦੀ ਹੈ।

**ਉੱਤਰ:** I. ਆਉਟਪੁੱਟ II. ਮਾਨੀਟਰ III. ਪ੍ਰਿੰਟਰ IV. DMP V. ਲੇਜ਼ਰ

**ਪ੍ਰਸ਼ਨ 3: ਛੋਟੇ ਉੱਤਰਾਂ ਵਾਲੇ ਪ੍ਰਸ਼ਨ**

**ਪ੍ਰ:1 ਆਉਟਪੁੱਟ ਯੰਤਰ ਕੀ ਹੁੰਦੇ ਹਨ?**

ਉ: ਉਹ ਉਪਕਰਣ ਜਿੰਨ੍ਹਾਂ ਦੀ ਵਰਤੋਂ ਪ੍ਰੋਸੈਸਿੰਗ ਤੋਂ ਬਾਅਦ ਪ੍ਰਾਪਤ ਹੋਏ ਨਤੀਜੇ ਨੂੰ ਦਰਸ਼ਾਉਣ ਲਈ ਕੀਤੀ ਜਾਂਦੀ ਹੈ, ਉਹਨਾਂ ਨੂੰ ਆਉਟਪੁੱਟ ਉਪਕਰਣ ਕਿਹਾ ਜਾਂਦਾ ਹੈ। ਮੋਨੀਟਰ ਅਤੇ ਪ੍ਰਿੰਟਰ ਆਮ ਵਰਤੇ ਜਾਣ ਵਾਲੇ ਆਉਟਪੁੱਟ ਯੰਤਰ ਹਨ।



**ਪ੍ਰ:2 ਸਪੀਕਰ ਕੀ ਹੁੰਦਾ ਹੈ?**

ਉ: ਸਪੀਕਰ ਇਕ ਸਾਫਟਕਾਪੀ ਆਉਟਪੁੱਟ ਉਪਕਰਣ ਹੈ। ਇਸਦੀ ਵਰਤੋਂ ਕੰਪਿਊਟਰ ਤੋਂ ਸਾਊਂਡ ਫਾਰਮੇਟ ਵਿਚ ਆਉਟਪੁੱਟ ਪ੍ਰਾਪਤ ਕਰਨ ਲਈ ਕੀਤੀ ਜਾਂਦੀ ਹੈ। ਇਹਨਾਂ ਦੀ ਵਰਤੋਂ ਆਮ ਤੋਰ ਤੇ ਗਾਣੇ ਸੁਣਨ ਲਈ ਕੀਤੀ ਜਾਂਦੀ ਹੈ।



**ਪ੍ਰ:3ਪ੍ਰੋਜੈਕਟਰ ਦਾ ਪ੍ਰਯੋਗ ਕਿਥੇ ਕੀਤਾ ਜਾਂਦਾ ਹੈ?**

ਉ: ਪ੍ਰੋਜੈਕਟਰ ਇਕ ਸਾਫਟਕਾਪੀ ਆਉਟਪੁੱਟ ਉਪਰਕਣ ਹੈ। ਇਹ ਕੰਪਿਊਟਰ ਤੋਂ ਪ੍ਰਾਪਤ ਆਉਟਨਪੁੱਟ ਨੂੰ ਇਕ ਵੱਡੀ ਸਕ੍ਰੀਨ ਉਪਰ ਦਰਸ਼ਾਉਂਦਾ ਹੈ। ਆਮ ਤੋਰ ਤੇ ਇਸਦੀ ਵਰਤੋਂ ਮੀਟਿੰਗਾਂ ਵਿਚ ਪ੍ਰੈਜ਼ਨਟੇਸ਼ਨ ਦੇਣ ਲਈ ਕੀਤੀ ਜਾਂਦੀ ਹੈ। ਸਕੂਲ ਵਿਚ ਵਿਦਿਆਰਥੀਆਂ ਨੂੰ ਪੜਾਉਣ ਲਈ ਵੀ ਇਹਨਾਂ ਦੀ ਵਰਤੋਂ ਕੀਤੀ ਜਾਂਦੀ ਹੈ।

**ਪ੍ਰ:4 ਪ੍ਰਿੰਟਰ ਦੀਆਂ ਕਿਹੜੀਆਂ ਕਿਹੜੀਆਂ ਕਿਸਮਾਂ ਹੁੰਦੀਆਂ ਹਨ?**

ਉ: ਪ੍ਰਿੰਟਰ ਹਾਰਡਕਾਪੀ ਆਉਟਪੁੱਟ ਯੰਤਰ ਹੁੰਦੇ ਹਨ। ਇਹ 3 ਕਿਸਮਾਂ ਦੇ ਹੁੰਦੇ ਹਨ:

- ਡਾਟ-ਮੈਟ੍ਰਿਕਸ ਪ੍ਰਿੰਟਰ
- ਇੰਕਜੈਟ ਪ੍ਰਿੰਟਰ
- ਲੇਜ਼ਰ ਪ੍ਰਿੰਟਰ



ਡਾਟ ਮੈਟ੍ਰਿਕਸ ਪ੍ਰਿੰਟਰ



ਇੰਕਜੈਟ ਪ੍ਰਿੰਟਰ



ਲੇਜ਼ਰ ਪ੍ਰਿੰਟਰ

**ਪ੍ਰ:5 ਪ੍ਰਿੰਟਰ ਤੇ ਨੋਟ ਲਿਖੋ?**
ਉ: ਪ੍ਰਿੰਟਰ ਇਕ ਹਾਰਡਕਾਪੀ ਆਊਟਪੁੱਟ ਯੰਤਰ ਹੈ। ਇਸਦੀ ਵਰਤੋਂ ਆਊਟਪੁੱਟ ਨੂੰ ਇਕ ਕਾਗਜ਼ ਉਪਰ ਪ੍ਰਾਪਤ ਕਰਨ ਲਈ ਕੀਤੀ ਜਾਂਦੀ ਹੈ। ਪ੍ਰਿੰਟਰ ਤੋਂ ਪ੍ਰਾਪਤ ਆਊਟਪੁੱਟ ਸਥਾਈ ਹੁੰਦੀ ਹੈ, ਜਿਸਨੂੰ ਸੰਭਾਲ ਕੇ ਰੱਖਿਆ ਜਾ ਸਕਦਾ ਹੈ।

**ਪ੍ਰ:6 ਕਿਸੇ ਤਿੰਨ ਆਊਟਪੁੱਟ ਉਪਕਰਣਾਂ ਦੇ ਨਾਂ ਲਿਖੋ।**
ਉ: ਆਊਟਪੁੱਟ ਉਪਕਰਣਾਂ ਦੇ ਨਾਂ ਇਸ ਪ੍ਰਕਾਰ ਹਨ:
1. ਮਾਨੀਟਰ
2. ਪ੍ਰਿੰਟਰ
3. ਸਪੀਕਰ
4. ਪਲੋਟਰ


ਮਾਨੀਟਰ


ਪ੍ਰਿੰਟਰ


ਸਪੀਕਰ


ਪਲੋਟਰ

## ਪ੍ਰਸ਼ਨ 3: ਵੱਡੇ ਉੱਤਰਾਂ ਵਾਲੇ ਪ੍ਰਸ਼ਨ

**ਪ੍ਰ:1 ਮੋਨੀਟਰ ਅਤੇ ਇਸ ਦੀਆਂ ਕਿਸਮਾਂ ਤੇ ਨੋਟ ਲਿਖੋ।**
ਉ: ਮੋਨੀਟਰ ਇਕ ਆਮ ਵਰਤਿਆ ਜਾਣ ਵਾਲਾ ਸਾਫਟਕਾਪੀ ਆਊਟਪੁੱਟ ਯੰਤਰ ਹੈ। ਇਹ ਆਊਟਪੁੱਟ ਨੂੰ ਸਕ੍ਰੀਨ ਉਪਰ ਦਰਸ਼ਾਉਂਦਾ ਹੈ। ਮੋਨੀਟਰ ਦੋ ਕਿਸਮਾਂ ਦੇ ਹੁੰਦੇ ਹਨ:
- **ਕੈਥੌਡ ਰੇਅ ਟਿਊਬ (CRT) ਮੋਨੀਟਰ:** ਇਹ ਟੈਲੀਵੀਜ਼ਨ ਦੀ ਤਰ੍ਹਾਂ ਦਿਖਾਈ ਦਿੰਦੇ ਹਨ। ਇਹਨਾਂ ਵਿਚ ਕੈਥੌਡ ਰੇਅ ਟਿਊਬ ਦਾ ਇਸਤੇਮਾਲ ਹੁੰਦਾ ਹੈ। ਇਹਨਾਂ ਵਿਚ ਬਿਜਲੀ ਦੀ ਖਪਤ ਜ਼ਿਆਦਾ ਹੁੰਦੀ ਹੈ ਅਤੇ ਇਹ ਜ਼ਿਆਦਾ ਗਰਮੀ ਪੈਦਾ ਕਰਦੇ ਹਨ।
- **ਫਲੈਟ ਪੈਨਲ ਡਿਸਪਲੇਅ ਮੋਨੀਟਰ:** ਇਹ CRT ਦੇ ਮੁਕਾਬਲੇ ਘੱਟ ਭਾਰੀ ਹੁੰਦੇ ਹਨ। ਇਹਨਾਂ ਨੂੰ ਦੀਵਾਰ ਤੇ ਵੀ ਲਗਾਇਆ ਜਾ ਸਕਦਾ ਹੈ। ਇਹਨਾਂ ਵਿਚ ਬਿਜਲੀ ਦੀ ਖਪਤ ਘੱਟ ਹੁੰਦੀ ਹੈ। LCD, LED, ਪਲਾਜ਼ਮਾ ਆਦਿ ਇਹਨਾਂ ਦੀਆਂ ਕੁੱਝ ਉਦਾਹਰਣਾਂ ਹਨ।


CRT ਮਾਨੀਟਰ


ਫਲੈਟ ਪੈਨਲ ਡਿਸਪਲੇਅ ਮਾਨੀਟਰ

**ਪ੍ਰ:2 ਇਨਪੁੱਟ ਅਤੇ ਆਊਟਪੁੱਟ ਯੰਤਰਾਂ ਵਿੱਚ ਅੰਤਰ ਦੱਸੋ।**
ਉ: ਇਨਪੁੱਟ ਅਤੇ ਆਊਟਪੁੱਟ ਯੰਤਰਾਂ ਵਿਚ ਅੰਤਰ ਇਸ ਪ੍ਰਕਾਰ ਹੈ:

| ਇਨਪੁੱਟ ਯੰਤਰ (Input Devices) | ਆਊਟਪੁੱਟ ਯੰਤਰ (Output Devices) |
|---|---|
| 1. ਇਹਨਾਂ ਦੀ ਵਰਤੋਂ ਕੰਪਿਊਟਰ ਨੂੰ ਡਾਟਾ ਅਤੇ ਹਦਾਇਤਾਂ ਦੇਣ ਲਈ ਕੀਤੀ ਜਾਂਦੀ ਹੈ। | 1. ਇਹਨਾਂ ਦੀ ਵਰਤੋਂ ਕੰਪਿਊਟਰ ਤੋਂ ਨਤੀਜ਼ਾ ਪ੍ਰਾਪਤ ਕਰਨ ਲਈ ਕੀਤੀ ਜਾਂਦੀ ਹੈ। |
| 2. ਕੀਅ ਬੋਰਡ (Keyboard), ਮਾਊਸ (mouse), ਸਕੈਨਰ (scanner), ਵੈੱਬ ਕੈਮਰਾ (web camera) ਆਦਿ ਇਨਪੁੱਟ ਯੰਤਰਾਂ ਦੀਆਂ ਉਦਾਹਰਣਾਂ ਹਨ। | 2. ਪ੍ਰਿੰਟਰ (Printers), ਮੋਨੀਟਰ (monitor), ਸਪੀਕਰ (speaker) ਆਦਿ ਆਊਟਪੁੱਟ ਯੰਤਰਾਂ ਦੀਆਂ ਉਦਾਹਰਣਾਂ ਹਨ। |